# ਲੱਗੀਆਂ ਪ੍ਰੇਮ ਦੀਆ ਅੱਖੀਆਂ ਨੀ ਮਾਂ ਨਾਲ ਸ਼ੇਰਾਂ ਵਾਲੀ ਦੇ

ਲੱਗੀਆਂ ਪ੍ਰੇਮ ਦੀਆ ਅੱਖੀਆਂ ਨੀ ਮਾਂ ਨਾਲ ਸ਼ੇਰਾਂ ਵਾਲੀ ਦੇ ।
ਨਾਲ ਸ਼ੇਰਾਂ ਵਾਲੀ ਦੇ, ਨਾਲ ਮੇਹਰਾਂ ਵਾਲੀ ਦੇ ।
ਪਾਈਆਂ ਮੈਂ ਪ੍ਰੀਤਾਂ ਪੱਕੀਆਂ ਨੀ ਮਾਂ ਨਾਲ ਸ਼ੇਰਾਂ ਵਾਲੀ ਦੇ ।
ਲੱਗੀਆਂ ਪ੍ਰੇਮ ਦੀਆ...

ਮਈਆ ਮੇਰੀ ਬਿੰਦੀਆਂ ਵਾਲੀ
ਬਿੰਦੀਆਂ ਮੰਗਾ ਦੇ ਮੇਰੀ ਮਾਂ, ਲਗਾਵਾਂ ਸ਼ੇਰਾਂ ਵਾਲੀ ਦੇ
ਲੱਗੀਆਂ ਪ੍ਰੇਮ ਦੀਆ...

ਮਈਆ ਮੇਰੀ ਚੂੜੀਆਂ ਵਾਲੀ
ਚੂੜੀਆਂ ਮੰਗਾ ਦੇ ਮੇਰੀ ਮਾਂ, ਚੜ੍ਹਾਵਾਂ ਸ਼ੇਰਾਂ ਵਾਲੀ ਦੇ
ਲੱਗੀਆਂ ਪ੍ਰੇਮ ਦੀਆ...

ਮਈਆ ਮੇਰੀ ਮਹਿੰਦੀਆਂ ਵਾਲੀ
ਮਹਿੰਦੀ ਮੰਗਾ ਦੇ ਮੇਰੀ ਮਾਂ, ਰਚਾਵਾਂ ਸ਼ੇਰਾਂ ਵਾਲੀ ਦੇ
ਲੱਗੀਆਂ ਪ੍ਰੇਮ ਦੀਆ...

ਮਈਆ ਮੇਰੀ ਝਾਂਜਰਾਂ ਵਾਲੀ
ਝਾਂਜਰਾਂ ਬਣਵਾ ਦੇ ਮੇਰੀ ਮਾਂ, ਪਹਿਨਾਵਾਂ ਸ਼ੇਰਾਂ ਵਾਲੀ ਦੇ
ਲੱਗੀਆਂ ਪ੍ਰੇਮ ਦੀਆ...

ਮਈਆ ਮੇਰੀ ਸੂਹੇ ਚੋਲੇ ਵਾਲੀ
ਸੂਹਾ ਚੋਲਾ ਸਿਵਾਂ ਦੇ ਮੇਰੀ ਮਾਂ, ਪਾਵਾਂ ਸ਼ੇਰਾਂ ਵਾਲੀ ਦੇ
ਲੱਗੀਆਂ ਪ੍ਰੇਮ ਦੀਆ...

https://bhajanganga.com/bhajan/lyrics/id/1709/title/lagiyan-prem-diyan-aankhiyan-ni-maa-naal-shera-wali-de

अपने Android मोबाइल पर BhajanGanga App डाउनलोड करें और भजनों का आनंद ले |